ਜੇ ਤੁਸੀਂ ਜੂਏ ਕਾਰਨ ਬਹੁਤ ਮੁਸ਼ਕਲਾਂ ਨਾਲ ਜੂਝ  ਰਹੇ ਹੋ ਤਾਂ ਸਾਡਾ ਆਪਣੀ ਮਰਜ਼ੀ ਨਾਲ ਜੂਏ ਤੋਂ ਬਾਹਰ ਰਹਿਣ ਦਾ ਪ੍ਰੋਗਰਾਮ, ਗੇਮ ਬਰੇਕ, ਬਰੇਕ ਲੈਣ ਅਤੇ ਦੁਬਾਰਾ ਕੰਟਰੋਲ ਕਰਨ ਲਈ ਮਦਦ ਵਾਸਤੇ ਬਹੁਤ ਵਧੀਆ ਤਰੀਕਾ ਹੈ।



## ਜਲਦੀ ਮਦਦ ਦੀ ਭਾਲ ਕਰ ਰਹੇ ਹੋ?

ਖੁਦ ਜਾਂ ਜੂਏ ਨਾਲ ਜੂਝ ਰਹੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੇ ਪਰਿਵਾਰਕ ਮੈਂਬਰ ਨੂੰ ਫਰੀ ਸਰੋਤਾਂ ਅਤੇ ਸੇਵਾਵਾਂ ਦੀ ਪੇਸ਼ਕਸ਼ ਲਈ **Gambling Support BC** 24/7 ਉਪਲਬਧ ਹੈ।

---

**1-888-795-6111** ‘ਤੇ ਫੋਨ ਕਰੋ।

ਪੰਜਾਬੀ ਸੰਸਰਕਣ ਮੂਲ ਰੂਪ ਵਿਚ ਅੰਗਰੇਜ਼ੀ ਸੰਸਰਕਣ ਦਾ ਤਜਰਮੇ ਵਜੋਂ ਪ੍ਰਦਾਨ ਕੀਤਾ ਗਿਆ ਹੈ। ਦੋਹਾਂ ਸੰਸਕਰਣਾਂ ਵਿਚ ਅਪਵਾਦ ਹੋਣ ਤੇ, ਅੰਗਰੇਜੀ ਸੰਸਕਰਣ ਨੂੰ ਸਹੀ ਮੰਨਿਆ ਜਾਵੇਗਾ।

GameSense

bclc

720107

# ਗੇਮ ਬਰੇਕ

## ਪ੍ਰੋਗਰਾਮ ਬਾਰੇ



GameSense

bclc

**ਗੇਮ ਬਰੇਕ ਕੀ ਹੈ?**

ਗੇਮ ਬਰੇਕ ਪ੍ਰੋਗ੍ਰਾਮ ਜੂਏ ਦੀਆਂ ਥਾਵਾਂ ਅਤੇ/ਜਾਂ ਆਨਲਾਈਨ ਗੈਂਬਲਿੰਗ ਤੋਂ ਸਵੈ-ਇੱਛਤ ਅਤੇ ਗੁਪਤ ਰਹਿ ਕੇ ਬਰੇਕ ਲੈਣ ਦੇ ਮੌਕੇ ਪ੍ਰਦਾਨ ਕਰਦਾ ਹੈ।

**ਗੇਮ ਬਰੇਕ ਤੁਹਾਡੀ ਸੁਪੋਰਟ ਲਈ ਮਦਦ ਕਰ ਸਕਦਾ ਹੈ ਜੇ:**

- ਜੂਆ ਤੁਹਾਡੀ ਪੂੰਜੀ, ਸਿਹਤ ਅਤੇ ਰਿਸ਼ਤਿਆਂ 'ਤੇ ਅਸਰ ਪਾ ਰਹੀ ਹੈ।
- ਜੂਏ ਤੋਂ ਲੰਮੇਂ ਸਮੇਂ ਲਈ ਬਰੇਕ ਲੈਣਾ, ਜਾਂ ਬੰਦ ਕਰਨਾ, ਤੁਹਾਨੂੰ ਜ਼ਿਆਦਾ ਕੰਟਰੋਲ ਮਹਿਸੂਸ ਕਰਨ ਵਿਚ ਮਦਦ ਕਰੇਗਾ।
- ਤੁਸੀਂ ਆਪਣੀਆਂ ਜੂਏ ਦੀਆਂ ਆਦਤਾਂ ਨੂੰ ਬਦਲਣ ਦੀ ਵੱਚਨਬਧਤਾ ਲਈ ਮਦਦ ਚਾਹੁੰਦੇ ਹੋ।

**ਇਹ ਕਿਵੇਂ ਕੰਮ ਕਰਦਾ ਹੈ?**

ਤੁਹਾਡੀ ਬਰੇਕ ਦਾ ਸਮਾਂ **6 ਮਹੀਨੇ, ਇਕ ਸਾਲ, ਦੋ ਸਾਲ ਜਾਂ ਤਿੰਨ ਸਾਲ** ਹੋ ਸਕਦਾ ਹੈ। ਇਕ ਵਾਰ ਜਦ ਤੁਸੀਂ ਗੇਮ ਬਰੇਕ ਲਈ ਰਜਿਸਟਰ ਹੋ ਜਾਂਦੇ ਹੋ ਤਾਂ ਤੁਹਾਡੇ ਚੁਣੇ ਹੋਏ ਟਾਈਮ ਪੀਰੀਅਡ ਲਈ, ਆਪਣੀ ਮਰਜ਼ੀ ਨਾਲ ਜੂਏ ਤੋਂ ਬਾਹਰ ਰਹਿਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਹ ਬਦਲਿਆ ਨਹੀਂ ਜਾ ਸਕਦਾ।

**ਤੁਹਾਡੀ ਬਰੇਕ ਦੇ ਸਮੇਂ ਦੌਰਾਨ....**

- ਬੀਸੀਐਲਸੀ ਆਪਣੇ ਆਪ ਤੁਹਾਡਾ ਮੌਜੂਦਾ PlayNow ਅਕਾਊਂਟ ਬੰਦ ਕਰ ਦੇਵੇਗਾ।
- ਜੇ ਤੁਸੀਂ ਇਨਕੋਰ ਰਿਵਾਰਡਜ਼ ਦੇ ਮੈਂਬਰ ਹੋ ਤਾਂ ਤੁਹਾਡਾ ਅਕਾਊਂਟ ਅਕਿਰਿਆਸ਼ੀਲ ਕਰ ਦਿੱਤਾ ਜਾਵੇਗਾ ਅਤੇ ਤੁਹਾਡੇ ਜਿੰਨੇ ਵੀ ਪੋਆਇੰਟ ਹੋਣਗੇ, ਤੁਸੀਂ ਉਨ੍ਹਾਂ ਦੇ ਨਗਦ ਪੈਸੇ ਲੈਣ ਦੇ ਯੋਗ ਹੋ ਸਕਦੇ ਹੋ।
- ਤੁਸੀਂ ਬੀਸੀਐਲਸੀ ਜਾਂ ਇਸਦੇ ਗੈਂਬਲਿੰਗ ਉਪਰੇਟਰਾਂ ਕੋਲੋਂ ਸਿੱਧਾ ਮਾਰਕੀਟਿੰਗ ਮੈਟੀਰੀਅਲ ਪ੍ਰਾਪਤ ਨਹੀਂ ਕਰੋਗੇ।
- ਤੁਹਾਨੂੰ ਆਪਣੇ ਵਚਨ 'ਤੇ ਪੱਕੇ ਰੱਖਣ ਵਿਚ ਤੁਹਾਡੀ ਮਦਦ ਕਰਨ ਲਈ, ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਅਤੇ ਫੋਟੋ ਜੂਏ ਦੀਆਂ ਲਾਗੂ ਹੋਣ ਵਾਲੀਆਂ ਥਾਂਵਾਂ 'ਤੇ ਸਕਿਉਰਿਟੀ ਦਫਤਰਾਂ ਨੂੰ ਦਿੱਤੀ ਜਾਵੇਗੀ।
- ਤੁਹਾਡੇ ਕੋਲ ਮੁਫ਼ਤ ਗੈਂਬਲਿੰਗ ਸੁਪੋਰਟ ਪ੍ਰੋਫੈਸ਼ਨਲ ਨਾਲ ਸੰਪਰਕ ਕੀਤੇ ਜਾਣ ਦਾ ਮੌਕਾ ਹੈ। ਆਪਣੇ ਆਪ ਨੂੰ ਜੂਏ ਤੋਂ ਬਾਹਰ ਰੱਖਣ ਦੌਰਾਨ ਜਿਹੜੇ ਲੋਕ ਮਦਦ ਲੈਂਦੇ ਹਨ ਜਾਂ ਗੈਂਬਲਿੰਗ ਸੁਪੋਰਟ ਵਿਚ ਹਿੱਸਾ ਲੈਂਦੇ ਹਨ, ਉਹ ਆਪਣੇ ਜੂਏ 'ਤੇ ਦੁਬਾਰਾ ਕੰਟਰੋਲ ਹਾਸਲ ਕਰਨ ਵਿਚ ਜ਼ਿਆਦਾ ਕਾਮਯਾਬ ਹੁੰਦੇ ਹਨ।

**ਮੈਂ ਕਿਵੇਂ ਦਾਖਲ ਹੋਵਾਂ?**

ਬੀਸੀ ਵਿਚ, ਤੁਹਾਡੇ ਲਈ ਤਿੰਨ ਚੋਣਾਂ ਹਨ:

**ਕਿਸੇ ਜੂਏ ਦੇ ਸਥਾਨ 'ਤੇ ਖੁਦ ਜਾਣਾ**

ਕਿਸੇ ਕੈਸੀਨੋ, ਕਮਿਊਨਿਟੀ ਗੇਮਿੰਗ ਸੈਂਟਰ ਜਾਂ ਕਮਰਸ਼ੀਅਲ ਬਿੰਗੋ ਹਾਲ 'ਤੇ ਜਾਓ ਅਤੇ ਸਰਕਾਰ ਵਲੋਂ ਜਾਰੀ ਆਪਣਾ ਪਛਾਣ ਪੱਤਰ ਤਿਆਰ ਰੱਖੋ। ਗੇਮਸੈਂਸ ਐਡਵਾਈਜ਼ਰ ਜਾਂ ਸਟਾਫ਼ ਮੈਂਬਰ ਦਾਖਲੇ ਦੀ ਪ੍ਰੀਕਿਰਿਆ ਬਾਰੇ ਗਾਈਡ ਕਰੇਗਾ ਅਤੇ ਤੁਹਾਡੀ ਫੋਟੋ ਲੈ ਲਵੇਗਾ।

**ਵਰਚੁਅਲ ਦਾਖਲਾ**

ਇਕ ਗੇਮਸੈਂਸ ਐਡਵਾਈਜ਼ਰ ਨਾਲ ਵੀਡੀਓ ਕਾਲ ਦਾ ਪ੍ਰਬੰਧ ਕਰੋ ਜੋ ਤੁਹਾਨੂੰ ਦਾਖਲੇ ਦੀ ਪ੍ਰੀਕਿਰਿਆ ਬਾਰੇ ਗਾਈਡ ਕਰੇ ਅਤੇ ਤੁਹਾਡੀ ਫੋਟੋ ਲੈ ਲਵੇ। ਯਾਦ ਰਹੇ ਕਿ ਸਰਕਾਰ ਵਲੋਂ ਜਾਰੀ ਆਪਣਾ ਪਛਾਣ-ਪੱਤਰ ਤਿਆਰ ਰੱਖੋ।

ਅਪੌਇੰਟਮੈਂਟ ਬੁੱਕ ਕਰਨ ਲਈ, 1-866-815-0222 'ਤੇ ਫੋਨ ਕਰੋ ਅਤੇ '3' ਦਬਾਓ।

**ਆਨਲਾਈਨ ਸਵੈ-ਦਾਖਲਾ**

PlayNow.com ਤੇ ਆਪਣੇ PlayNow ਅਕਾਊਂਟ ਜਾਂ ਬੀਸੀਐਲਸੀ ਲੋਟੋ! ਐਪ 'ਤੇ ਲਾਗ ਇਨ ਕਰੋ। ਆਪਣੇ ਅਕਾਊਂਟ ਮੇਨਯੂ ਵਿਚ, "Take A Game Break" 'ਤੇ ਜਾਓ ਅਤੇ ਇਸ ਪ੍ਰੀਕਿਰਿਆ ਦੌਰਾਨ ਸਕਰੀਨ ਦੀਆਂ ਹਿਦਾਇਤਾਂ ਤੁਹਾਨੂੰ ਗਾਈਡ ਕਰਨਗੀਆਂ।

**ਨੋਟ:** ਇਹ ਤਰੀਕਾ ਸਿਰਫ਼ PlayNow.com ਅਤੇ ਬੀਸੀਐਲਸੀ ਲੋਟੋ! ਐਪ 'ਤੇ ਜੂਏ ਤੋਂ ਤੁਹਾਨੂੰ ਬਾਹਰ ਰੱਖੇਗਾ।

## ਨਿਸਚਿੰਤ ਨਹੀਂ ਕਿ ਕਿਹੜੀ ਚੋਣ ਤੁਹਾਡੇ ਲਈ ਬਿਹਤਰ ਹੈ?

ਗੇਮ ਬਰੇਕ ਪਲਾਨ ਸ਼ੁਰੂ ਕਰਨ ਲਈ ਮਦਦ ਵਾਸਤੇ, ਅੱਜ ਹੀ ਆਪਣੇ ਜੂਏ ਦੇ ਸਥਾਨ 'ਤੇ ਆਪਣੇ ਗੇਮਸੈਂਸ ਐਡਵਾਈਜ਼ਰ ਨਾਲ ਗੱਲ ਕਰੋ ਜਾਂ ਟੋਲ ਫਰੀ **1-866-815-0222** 'ਤੇ ਫੋਨ ਕਰੋ ਅਤੇ 3 ਦਬਾਓ (ਹਰ ਰੋਜ਼ ਸਵੇਰੇ 7 ਵਜੇ ਤੋਂ ਅੱਧੀ ਰਾਤ ਤੱਕ ਜਲਦੀ ਮਦਦ ਉਪਲਬਧ ਹੈ)।

**ਕੀ ਹੁੰਦਾ ਹੈ ਜਦ ਮੇਰੀ ਮਿਆਦ ਖਤਮ ਹੋ ਜਾਂਦੀ ਹੈ?**

ਜੇ ਤੁਹਾਡੀ ਬਰੇਕ ਜਲਦੀ ਖਤਮ ਹੋ ਰਹੀ ਹੈ ਤਾਂ ਤੁਸੀਂ ਦੋ ਰਾਹ ਚੁਣ ਸਕਦੇ ਹੋ। ਜੇ ਤੁਸੀਂ ਆਪਣੇ ਗੇਮ ਬਰੇਕ ਪੀਰੀਅਡ ਦੇ ਖਤਮ ਹੋਣ ਤੋਂ ਬਾਅਦ ਕੋਈ ਵੀ ਐਕਸ਼ਨ ਨਹੀਂ ਲੈਣਾ ਚਾਹੁੰਦੇ ਤਾਂ ਤੁਸੀਂ ਆਪਣੇ ਆਪ ਉਨਾਂ ਚਿਰ ਜੂਏ ਤੋਂ ਬਾਹਰ ਰਹੋਗੇ ਜਦ ਤੱਕ ਤੁਹਾਡੇ ਗੇਮ ਬਰੇਕ ਪੀਰੀਅਡ ਖਤਮ ਹੋਏ ਨੂੰ 12 ਮਹੀਨੇ ਨਹੀਂ ਹੋ ਜਾਂਦੇ।

**ਆਪਸ਼ਨ 1: ਮੇਰੀ ਬਰੇਕ ਨੂੰ ਵਧਾਉਣਾ**

ਵਾਪਸ ਪਰਤਣ ਨੂੰ ਹਾਲੇ ਤਿਆਰ ਨਹੀਂ? ਜੇ ਤੁਸੀਂ ਆਪਣਾ ਗੇਮ ਬਰੇਕ ਵਧਾਉਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਜਾਣੋ ਕਿ ਤੁਸੀਂ ਕਦੇ ਵੀ ਸਮਾਂ ਵਧਾ ਸਕਦੇ ਹੋ। ਤੁਹਾਨੂੰ ਰਿਵਿਊ ਕਰਨ ਲਈ ਆਖਿਆ ਜਾਵੇਗਾ ਅਤੇ ਨਵਾਂ ਗੇਮ ਬਰੇਕ ਦਾਖਲਾ ਫਾਰਮ ਸਾਈਨ ਕਰੋਗੇ, ਨਵਾਂ ਗੇਮ ਬਰੇਕ ਪੀਰੀਅਡ ਦੁਬਾਰਾ ਮਿੱਥੋਗੇ ਜੋ ਤੁਸੀਂ ਚਾਹੁੰਦੇ ਹੋ।

**ਆਪਸ਼ਨ 2: ਵਾਪਸ ਪਰਤਣ ਲਈ ਤਿਆਰ? ਮੁੜ-ਬਹਾਲੀ ਦੀਆਂ ਸ਼ਰਤਾਂ ਨੂੰ ਪੂਰਾ ਕਰੋ**

ਗੇਮ ਬਰੇਕ ਮਿਆਦ ਖਤਮ ਹੋਣ ਤੋਂ 30 ਦਿਨ ਪਹਿਲਾਂ, ਤੁਹਾਡੇ ਵਲੋਂ ਸਾਈਨ-ਅੱਪ ਦੌਰਾਨ ਵਰਤੀ ਗਈ ਈਮੇਲ 'ਤੇ, ਤੁਸੀਂ ਮੁੜ-ਬਹਾਲੀ ਦੀਆਂ ਹਿਦਾਇਤਾਂ ਵਾਲੀ ਈਮੇਲ ਪ੍ਰਾਪਤ ਕਰੋਗੇ। ਦੁਬਾਰਾ ਜੂਆ ਸ਼ੁਰੂ ਕਰਨ ਲਈ, ਆਪਣੇ ਗੇਮ ਬਰੇਕ ਪੀਰੀਅਡ ਖਤਮ ਹੋਣ ਤੋਂ ਬਾਅਦ ਜਾਂ ਈਮੇਲ ਪ੍ਰਾਪਤ ਕਰਨ ਤੋਂ ਬਾਅਦ, ਕਿਸੇ ਵੀ ਸਮੇਂ ਹੇਠ ਲਿਖੇ ਦੋ ਕਾਰਜ ਪੂਰੇ ਕਰੋ। ਯਾਦ ਰਹੇ ਕਿ ਤੁਹਾਡੇ ਲਈ ਦੁਬਾਰਾ ਜੂਆ ਸ਼ੁਰੂ ਕਰਨ ਲਈ ਯੋਗ ਹੋਣ ਤੋਂ ਪਹਿਲਾਂ, ਤੁਹਾਡਾ ਗੇਮ ਬਰੇਕ ਪੀਰੀਅਡ ਜ਼ਰੂਰ ਖਤਮ ਹੋਣਾ ਚਾਹੀਦਾ ਹੈ।

**ਕਾਰਜ 1: ਗੇਮ ਪਲਾਨ ਕੋਰਸ ਪੂਰਾ ਕਰੋ**

- ਕੋਰਸ ਦਾ ਲਿੰਕ ਤੁਹਾਨੂੰ ਈਮੇਲ ਕਰ ਦਿਤਾ ਜਾਵੇਗਾ। ਜੇ ਤੁਹਾਨੂੰ ਕੋਰਸ ਪ੍ਰਾਪਤ ਕਰਨ ਵਿਚ ਮੁਸ਼ਕਲ ਆ ਰਹੀ ਹੈ ਤਾਂ ਕਿਰਪਾ ਕਰਕੇ ਗੇਮਸੈਂਸ ਐਡਵਾਈਜ਼ਰ ਨਾਲ ਸੰਪਰਕ ਕਰੋ।
- ਕੋਰਸ ਤੁਹਾਨੂੰ ਇਹ ਫੈਸਲਾ ਕਰਨ ਵਿਚ ਮਦਦ ਕਰੇਗਾ ਕਿ ਕੀ ਤੁਹਾਨੂੰ ਮੁੜ ਜੂਆ ਸ਼ੁਰੂ ਕਰਨਾ ਚਾਹੀਦਾ ਹੈ ਜਾਂ ਤੁਸੀਂ ਆਪਣੀ ਬਰੇਕ ਵਧਾਉਣਾ ਚਾਹੁੰਦੇ ਹੋ? ਇਹ ਅੰਗਰੇਜ਼ੀ, ਸਿੰਪਲੀਫਾਈਡ ਚੀਨੀ ਅਤੇ ਪੰਜਾਬੀ ਵਿਚ ਉਪਲਬਧ ਹੈ।

**ਕਾਰਜ 2: ਰਿਟਰਨ ਟੂ ਪਲੇਅ ਫਾਰਮ ਦਿਓ।**

- ਗੇਮ ਪਲਾਨ ਕੋਰਸ ਪੂਰਾ ਕਰਨ ਤੋਂ ਬਾਅਦ, ਤੁਹਾਨੂੰ ਦਿਤਾ ਗਿਆ ਕੋਰਸ ਪੂਰਨਤਾ ਕੋਡ ਇੰਟਰ ਕਰੋ। ਫਾਰਮ ਦੇਣ ਤੋਂ ਬਾਅਦ, ਬੀਸੀਐਲਸੀ ਸੱਤ ਦਿਨਾਂ ਦੇ ਅੰਦਰ ਤੁਹਾਨੂੰ ਈਮੇਲ ਕਰੇਗੀ ਕਿ ਤੁਸੀਂ ਕਦੋਂ ਮੁੜ ਜੂਆ ਸ਼ੁਰੂ ਕਰ ਸਕਦੇ ਹੋ।

GameSense

bclc